# ਜਆਲੀ ਵਿਆਹ ਕਰਵਾਉਂਣ 'ਚ ਜਗਰਾਓ ਦਾ 'ਮਹਾਰਾਜਾ ਪੈਲੇਸ' ਨੰਬਰ ਵਨ

## ਇੰਮੀਗਰੇਸ਼ਨ ਵਿਭਾਗ ਵੱਲੋਂ ਕੀਤੀ ਗਈ ਜਾਂਚ ਨੇ ਪੰਜਾਬ ਦੇ ਮੈਰਿਜ ਪੈਲੇਸਾਂ ਵਿਚ ਹੁੰਦੇ ਜਾਅਲੀ ਵਿਆਹਾਂ ਦਾ ਭਾਂਡਾ ਭੰਨਿਆ

ਸਰੀ/ਰਮਿੰਦਰ ਥਿੰਦ

ਕੈਨੇਡਾ ਤੇ ਦੂਜੇ ਪੱਛਮੀ ਮੁਲਕਾਂ 'ਚ ਪਹੁੰਚਣ ਦੀ ਹੋੜ ਨੇ ਪੰਜਾਬੀਆਂ ਨੂੰ ਕੱਖੋਂ ਹੌਲਾ ਕਰ ਕੇ ਰੱਖ ਦਿੱਤਾ ਹੈ। ਇੰਮੀਗਰੇਸ਼ਨ ਵਿਭਾਗ ਵੱਲੋਂ ਇਕ ਰਸਤਾ



ਬੰਦ ਕੀਤਾ ਜਾਂਦਾ ਹੈ ਤਾਂ ਪੈਸੇ ਨੂੰ ਹੀ ਰੱਬ ਮੰਨਣ ਵਾਲੇ ਕੁਝ ਕੁ ਲੋਕ ਨਵੇਂ-ਨਵੇਂ ਰਸਤੇ ਲੱਭ ਕੇ ਸਾਰੇ ਭਾਈਚਾਰੇ ਨੂੰ ਸ਼ੱਕ ਦੇ ਘੇਰੇ ਹੇਠ ਲੈ ਆਉਂਦੇ ਹਨ। ਅਖ਼ਬਾਰਾਂ 'ਚ ਛਪਦੇ ਇਸ਼ਤਿਹਾਰਾਂ ਤੋਂ ਵੀ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਕੈਨੇਡਾ ਪਹੁੰਚਣ ਤੇ ਪੈਸਾ ਇਕੱਠਾ ਕਰਨ ਲਈ ਕਿਵੇਂ ਲੈਣ-ਦੇਣ ਕੀਤਾ ਜਾ ਰਿਹਾ ਹੈ। ਕਈਆਂ ਨੂੰ ਭਾਵੇਂ ਮਜਬੂਰੀ ਵੱਸ ਦੋ ਜਾਂ ਵੱਧ ਵਿਆਹ ਕਰਵਾਉਣੇ ਪੈ ਗਏ ਹੋਣ ਪਰ ਇਹ ਵੀ ਸੱਚ ਹੈ ਕਿ ਕਈ ਲੋਕਾਂ ਲਈ ਵਿਆਹ 'ਕਾਰੂੰ ਦਾ ਖ਼ਜ਼ਾਨਾ' ਹਨ। ਕੈਨੇਡੀਅਨ ਇੰਮੀਗਰੇਸ਼ਨ ਵਿਭਾਗ ਵੱਲੋਂ ਕੀਤੀ ਗਈ ਜਾਂਚ ਤੋਂ ਇਹ ਸੱਚਾਈ ਸਾਹਮਣੇ ਆਈ ਹੈ ਕਿ ਜਗਰਾਓਂ ਦੇ 'ਮਹਾਰਾਜਾ ਮੈਰਿਜ ਪੈਲੇਸ' ਵਿਚ ਕੈਨੇਡਾ ਤੋਂ ਜਾ ਕੇ ਲੜਕੇ-ਲੜਕੀਆਂ ਵੱਲੋਂ ਕਰਵਾਏ ਗਏ ਵਿਆਹਾਂ ਦੀਆਂ ਇੰਮੀਗਰੇਸ਼ਨ ਵਿਭਾਗ ਕੋਲ ਪਹੁੰਚੀਆਂ ਫਾਈਲਾਂ ਵਿਚੋਂ ਘੱਟੋ-ਘੱਟ 50 ਵਿਆਹ ਜਾਅਲੀ ਹੋਏ ਹਨ। ਵਿਭਾਗ ਵੱਲੋਂ ਜਾਰੀ ਕੀਤੀ ਗਈ ਚਿੱਠੀ ਅਨੁਸਾਰ ਇਹੋ ਜਿਹੇ 'ਫਰਾਡ' ਵਿਆਹ ਕਰਵਾਉਣ ਵਾਲੇ ਮੈਰਿਜ ਪੈਲੇਸ ਮੋਗਾ, ਲੁਧਿਆਣਾ, ਜਲੰਧਰ, ਗੁਰਦਾਸਪੁਰ ਤੇ ਹੁਸ਼ਿਆਰਪੁਰ ਵਿਚ ਵੀ ਹਨ ਜਿਨ੍ਹਾਂ ਨੇ ਹਰ ਅਜਿਹੇ ਵਿਆਹ ਲਈ ਬਰਾਤੀ ਤੇ ਮੁੰਡੇ-ਕੁੜੀ ਦੇ ਰਿਸ਼ਤੇਦਾਰਾਂ ਤੋਂ ਲੈ ਕੇ ਅਨੰਦ ਕਾਰਜ ਕਰਵਾਉਣ ਵਾਲੇ ਕੀਰਤਨੀਆਂ ਤਕ ਸਭ ਪੱਕੇ ਤੌਰ 'ਤੇ ਕਿਰਾਏ 'ਤੇ ਰੱਖੇ ਹੋਏ ਹਨ। ਪਤਾ ਲੱਗਾ ਹੈ ਕਿ ਇਨ੍ਹਾਂ ਜਾਅਲੀ ਵਿਆਹਾਂ ਪਿੱਛੇ ਇਕ ਪੂਰਾ ਮਾਫੀਆ ਕੰਮ ਕਰ ਰਿਹਾ ਹੈ ਤੇ ਕਈ ਥਾਂ ਤਾਂ ਅਸਲ 'ਚ ਮੈਰਿਜ ਪੈਲੇਸ ਹੈ ਹੀ ਨਹੀਂ ਸਗੋਂ ਅਜਿਹੇ ਏਜੰਟਾਂ ਵੱਲੋਂ ਚਲਾਏ ਜਾ ਰਹੇ ਕੇਵਲ ਢਾਬੇ ਹਨ ਤੇ ਇਸ ਤਰ੍ਹਾਂ ਦਾ ਵਿਆਹ ਕਰਵਾਉਣ ਵੇਲੇ ਅੱਗੇ ਮੈਰਿਜ ਪੈਲੇਸ ਦਾ ਬੋਰਡ ਲਾ ਕੇ ਢਾਬੇ ਦੇ ਪਿਛਵਾੜੇ ਤੰਬੂ ਕਨਾਤਾਂ ਲਾ ਕੇ ਵਿਆਹ ਕਰ ਦਿੱਤਾ ਜਾਂਦਾ ਹੈ ਤੇ ਫੋਟੋਆਂ ਤੇ ਮੂਵੀ ਆਦਿ ਬਣਾ ਕੇ ਇੰਮੀਗਰੇਸ਼ਨ ਦੀ ਫਾਈਲ ਦੇ ਨਾਲ ਲਾ ਦਿੱਤੀਆਂ ਜਾਂਦੀਆਂ ਹਨ।

ਇੰਮੀਗਰੇਸ਼ਨ ਵਿਭਾਗ ਵੱਲੋਂ ਕੀਤੀ ਗਈ ਇਸ ਜਾਂਚ ਦੇ ਤੱਥ ਉਦੋਂ ਸਾਹਮਣੇ ਆਏ ਜਦੋਂ ਇਕ ਅਸਲੀ ਵਿਆਹ ਕਰਨ ਵਾਲਾ ਜੋੜਾ ਵੀ ਅਜਿਹੇ ਲੋਕਾਂ ਕਾਰਨ ਸ਼ੱਕ ਦੇ ਘੇਰੇ 'ਚ ਆ ਗਿਆ।

ਇਸ ਵਿਆਹ ਵਾਲਿਆਂ ਨੂੰ ਸ਼ੱਕ ਦੇ ਘੇਰੇ 'ਚ ਲਿਆਉਣ ਦੇ ਕਾਰਨ ਦੱਸਦਿਆਂ ਵਿਭਾਗ ਨੇ ਫਾਈਲ ਨੰਬਰ ਬੀ ਓ 367 69541 ( ਜੇ ਐਮ ) ਦੀ ਜੋ ਚਿੱਠੀ ਉਨ੍ਹਾਂ ਨੂੰ ਘੱਲੀ ਹੈ ਉਸ ਵਿਚ ਓਨ੍ਹਾਂ ਲਿਖਿਆ ਹੈ:- "ਤੁਹਾਡੇ ਵੱਲੋਂ ਵਿਆਹ ਦੀਆਂ ਫੋਟੋਆਂ ਆਦਿ ਲਾ ਕੇ ਜੋ ਫਾਈਲ ਵਿਭਾਗ ਨੂੰ ਭੇਜੀ ਗਈ ਹੈ, ਬਿਲਕੁਲ ਉਹੋ ਜਿਹੀਆਂ ਫਾਈਲਾਂ ਸਾਨੂੰ ਹੋਰ ਵੀ ਮਿਲੀਆਂ ਹਨ ਜਿਨ੍ਹਾਂ ਬਾਰੇ ਵਿਭਾਂਗ ਵੱਲੋਂ ਮੌਕੇ 'ਤੇ ਜਾ ਕੇ ਕੀਤੀ ਗਈ ਜਾਂਚ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਵਿਚੋਂ ਘੱਟੋ-ਘੱਟ 50 ਵਿਆਹ ਜਾਅਲੀ ਹੋਏ ਹਨ ਜਿਨ੍ਹਾਂ ਵਿਚ ਬਰਾਤੀਆਂ ਤੋਂ ਲੈ ਕੇ ਕੁੜੀ-ਮੁੰਡੇ ਦੇ ਰਿਸ਼ਤੇਦਾਰ ਤੇ ਅਨੰਦ ਕਾਰਜ ਕਰਵਾਉਣ ਵਾਲੇ ਵੀ ਸਭ ਜਾਅਲੀ ਹਨ। ਇਨ੍ਹਾਂ ਵਿਆਹਾਂ ਬਾਰੇ ਮੁੰਡੇ ਜਾਂ ਕੁੜੀ ਦੇ ਪਿੰਡ 'ਚ ਵੀ ਕਿਸੇ ਨੂੰ ਪਤਾ ਨਹੀਂ ਤੇ ਨਾ ਹੀ ਉਨ੍ਹਾਂ ਦੇ ਗਵਾਂਢੀਆਂ ਨੂੰ ਇਸ ਬਾਰੇ ਕੋਈ ਖ਼ਬਰ ਸੀ।"

"ਇਸ ਲਈ ਸਾਨੂੰ ਯਕੀਨ ਹੈ ਕਿ ਤੁਹਾਡੇ ਵੱਲੋਂ ਪੇਸ਼ ਕੀਤੇ ਗਏ ਕਾਗਜ਼ਾਤ ਤੇ ਵਿਆਹ ਦੇ ਸਬੂਤ ਉਨ੍ਹਾਂ ਵਾਂਗ ਹੀ ਜਾਅਲੀ ਹਨ।"

ਅਜਿਹੇ ਲੋਕਾਂ ਵੱਲੋਂ ਕੀਤੇ ਗਏ ਅਜਿਹੇ ਫਰਾਡਾਂ ਕਾਰਨ ਇਨ੍ਹਾਂ ਵਾਂਗ ਹੀ ਕਈ 'ਸੱਚਿਆਂ' ਨੂੰ ਕਾਫੀ ਕੁਝ ਭੁਗਤਣਾ ਪਿਆ ਹੈ ਤੇ ਉਨ੍ਹਾਂ ਨੂੰ ਦੋਬਾਰਾ ਅਪੀਲ ਕਰਨੀ ਪਈ ਹੈ।

ਇਸੇ ਤਰ੍ਹਾਂ ਵਿਭਾਗ ਵੱਲੋਂ 'ਇੰਮੀਗਰੇਸ਼ਨ ਰੈਗੂਲੇਸ਼ਨ-1978 ਦੇ ਸੈਕਸ਼ਨ 2(1) ਅਨੁਸਾਰ "ਮੈਰਿਜ" ਅਤੇ "ਸਪਾਊਸ" ਬਾਰੇ ਦੱਸਣ ਦੇ ਨਾਲ ਨਾਲ "ਹਿੰਦੂ ਮੈਰਿਜ ਐਕਟ 1955" ਅਨੁਸਾਰ ਵਿਆਹ ਦੇ 'ਮਾਅਨੇ' ਵੀ ਦੱਸੇ ਗਏ ਹਨ। ਪਤਾ ਨਹੀਂ ਅਸੀਂ ਕਿੱਥੋਂ ਤਕ ਨਿਘਰਦੇ ਜਾਵਾਂਗੇ! ਕਦੇ ਡਰੱਗਾਂ, ਮਨੁੱਖੀ ਸਮਗਲਿੰਗ, ਹੇਰਾਫੇਰੀਆਂ, ਆਕੜ, ਹੰਕਾਰ ਤੇ ਲਾਲਸਾ ਤੋਂ ਅੱਗੇ ਵੀ ਕੁਝ ਦੇਖ ਸਕਾਂਗੇ ਜਾਂ ਨਹੀਂ? ਰੱਬ ਹੀ ਜਾਣੇ! ਪਰ ਇਹ ਸੱਚ ਹੈ ਕਿ ਕੁਝ ਕੁ ਮਾੜੇ ਲੋਕਾਂ ਨੇ ਸਮੁੱਚੇ ਭਾਈਚਾਰੇ ਦੇ ਲੱਖਾਂ "ਚੰਗੇ" ਲੋਕਾਂ ਦੇ ਪੱਲੇ 'ਸ਼ਰਮਸਾਰ' ਹੋਣ ਤੋਂ ਵੱਧ ਕੁਝ ਨਹੀਂ ਪਾਇਆ।